# ਵਿੱਤੀ ਸਹਾਇਤਾ ਨੀਤੀ - ਆਸਾਨ ਭਾਸ਼ਾ ਵਿੱਚ ਸਾਰ

**ਵਿੱਤੀ ਸਹਾਇਤਾ ਪੇਸ਼ਕਸ਼**: Valley Medical Center & Clinics ਆਪਣੀ ਵਿੱਤੀ ਸਹਾਇਤਾ ਨੀਤੀ ਹੇਠ, ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਲਈ ਭੁਗਤਾਨ ਨਾ ਕਰ ਪਾਉਣ ਵਾਲੇ ਯੋਗ ਮਰੀਜ਼ਾਂ ਨੂੰ ਵਿੱਤੀ ਸਹਾਇਤਾ ਦੀ ਸੁਵਿਧਾ ਦਿੰਦਾ ਹੈ। Valley Medical Center & Clinics ਹਰ ਉਸ ਮਰੀਜ਼/ਗਾਰੰਟਰ ਨੂੰ ਵਿੱਤੀ ਸਹਾਇਤਾ ਉਪਲਬਧ ਕਰਵਾਉਂਦਾ ਹੈ, ਜਿਸਦੀ ਕੁੱਲ ਪਰਿਵਾਰਕ ਆਮਦਨ ਫੇਡਰਲ ਗਰੀਬੀ ਪੱਧਰ (FPL) ਦੇ 400% ਤੱਕ ਹੈ ਅਤੇ ਕਿਸੇ ਵੀ ਤੀਜੀ ਧਿਰ ਦੀ ਕਵਰੇਜ ਖਤਮ ਹੋਣ ਦੇ ਬਾਅਦ ਪਰਿਵਾਰ ਦੇ ਜੀਆਂ ਦੀ ਸੰਖਿਆ ਦੇ ਹਿਸਾਬ ਨਾਲ ਵਧਾਈ-ਘਟਾਈ ਜਾਂਦੀ ਹੈ। Valley Medical Center & Clinics ਵਿਖੇ ਸੁਵਿਧਾ ਅਤੇ/ਜਾਂ ਪੇਸ਼ੇਵਰ ਸੇਵਾਵਾਂ ਲਈ:

- 100% ਵਿੱਤੀ ਸਹਾਇਤਾ ਛੋਟ ਲਈ FPL ਦਾ 0% - 300%

Valley Medical Center & Clinics ਵਿਖੇ July 1, 2022 ਨੂੰ ਜਾਂ ਉਸ ਤੋਂ ਬਾਅਦ ਡਿਸਚਾਰਜ ਦੀਆਂ ਤਾਰੀਖਾਂ ਵਾਲੀਆਂ ਸੁਵਿਧਾ ਸੇਵਾਵਾਂ ਲਈ::

- 75% ਵਿੱਤੀ ਸਹਾਇਤਾ ਛੋਟ ਲਈ FPL ਦਾ 301% - 350%
- 50% ਵਿੱਤੀ ਸਹਾਇਤਾ ਛੋਟ ਲਈ FPL ਦਾ 351% - 400%

ਵਿੱਤੀ ਸਹਾਇਤਾ ਲਈ ਯੋਗ ਕਿਸੇ ਵੀ ਵਿਅਕਤੀ ਤੋਂ, ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਲਈ ਆਮ ਤੌਰ 'ਤੇ ਬਿਲ ਕੀਤੀ ਗਈ ਰਕਮ ਤੋਂ ਵੱਧ ਚਾਰਜ ਨਹੀਂ ਲਿਆ ਜਾ ਸਕਦਾ।

**ਯੋਗਤਾ ਦੀਆਂ ਸ਼ਰਤਾਂ ਅਤੇ ਪੇਸ਼ਕਸ਼ ਕੀਤੀ ਸਹਾਇਤਾ**: ਵਿੱਤੀ ਸਹਾਇਤਾ ਲਈ ਯੋਗਤਾ ਬਹੁਤ ਸਾਰੇ ਕਾਰਕਾਂ 'ਤੇ ਨਿਰਭਰ ਕਰਦੀ ਹੈ, ਜਿਸ ਵਿੱਚ ਲੋੜੀਂਦੀ ਦੇਖਭਾਲ ਅਤੇ ਸਿਹਤ ਸਥਿਤੀ ਦੀ ਕਿਸਮ, ਬੀਮਾ ਕਵਰੇਜ ਜਾਂ ਭੁਗਤਾਨ ਦੇ ਹੋਰ ਸਰੋਤ, ਆਮਦਨ, ਪਰਿਵਾਰ ਦੇ ਜੀਆਂ ਦੀ ਸੰਖਿਆ ਅਤੇ ਹਰ ਉਹ ਖ਼ਾਸ ਵਿਚਾਰ ਸ਼ਾਮਲ ਹਨ, ਜਿਨ੍ਹਾਂ ਉੱਪਰ ਮਰੀਜ਼ ਜਾਂ ਪ੍ਰਦਾਨਕ ਵਿਚਾਰ ਕਰਨਾ ਚਾਹੁੰਦੇ ਹਨ।

ਵਿੱਤੀ ਸਹਾਇਤਾ ਚਾਹੁਣ ਵਾਲੇ ਮਰੀਜ਼ਾਂ ਲਈ 'ਵਿੱਤੀ ਸਹਾਇਤਾ ਅਰਜ਼ੀ ਪ੍ਰਕਿਰਿਆ' ਦਾ ਪਾਲਣ ਕਰਨਾ ਜ਼ਰੂਰੀ ਹੈ। ਇਸ ਵਿੱਚ ਮਰੀਜ਼ ਦਾ ਡਬਲਯੂ -2 ਵੇਰਵਾ, ਮੌਜੂਦਾ ਤਨਖਾਹ ਦੇ ਵੇਰਵੇ, ਬੈਂਕ ਸਟੇਟਮੈਂਟ ਜਾਂ ਪਿਛਲੇ ਸਾਲ ਦੀ ਇੰਕਮ ਟੈਕਸ ਰਿਟਰਨ ਜਮ੍ਹਾਂ ਕਰਾਉਣਾ <u>ਅਤੇ</u> Washington ਸਟੇਟ ਦੀ ਸਬਸਿਡੀ ਵਾਲੀ ਦੇਖਭਾਲ ਸਮੇਤ ਸਹਾਇਤਾ ਦੇ ਸਾਰੇ ਉਪਲਬਧ ਸਰੋਤਾਂ ਲਈ ਅਰਜ਼ੀ ਪ੍ਰਕਿਰਿਆ ਪੂਰੀ ਕਰਨਾ ਸ਼ਾਮਲ ਹੈ।

**ਸਹਾਇਤਾ ਲਈ ਅਰਜ਼ੀ ਦੇਣ ਦਾ ਤਰੀਕਾ**: ਮਰੀਜ਼ ਜਾਂ ਮਰੀਜ਼ ਦੀ ਦੇਖਭਾਲ ਵਿੱਚ ਸ਼ਾਮਲ ਹਰ ਵਿਅਕਤੀ, ਜਿਸ ਵਿੱਚ ਪਰਿਵਾਰ ਦਾ ਮੈਂਬਰ ਜਾਂ ਪ੍ਰਦਾਨਕ ਵੀ ਸ਼ਾਮਲ ਹੈ, ਵਿੱਤੀ ਚਿੰਤਾਵਾਂ ਜ਼ਾਹਰ ਕਰ ਸਕਦਾ ਹੈ। ਇਸ ਤੋਂ ਬਾਅਦ ਮਰੀਜ਼ ਜਾਂ ਜ਼ਿੰਮੇਵਾਰ ਧਿਰ ਨੂੰ ਵਿੱਤੀ ਸਹਾਇਤਾ ਅਰਜ਼ੀ ਪੂਰੀ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ। ਵਿੱਤੀ ਸਹਾਇਤਾ ਲਈ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਲਈ, ਅਦਾਲਤ ਦਾ ਫੈਸਲਾ ਪ੍ਰਾਪਤ ਕਰਨ ਵਾਲੇ ਖਾਤੇ ਤੋਂ ਪਹਿਲਾਂ ਕਿਸੇ ਵੀ ਸਮੇਂ ਇੱਕ ਅਰਜ਼ੀ ਜਮ੍ਹਾਂ ਕੀਤੀ ਜਾ ਸਕਦੀ ਹੈ।

**ਸਹਾਇਤਾ ਲਈ ਕੀ ਕੁਝ ਯੋਗ ਹੈ**: ਵਿੱਤੀ ਸਹਾਇਤਾ Valley Medical Center & Clinics ਵਿਖੇ ਉਪਲਬਧ ਕਾਰਵਾਈ ਜਾਂਦੀ ਡਾਕਟਰੀ ਦੇਖਭਾਲ ਤੱਕ ਸੀਮਤ ਹੈ। ਯਾਤਰਾ, ਭੋਜਨ, ਰਿਹਾਇਸ਼, ਅਤੇ ਟਿਕਾਊ ਡਾਕਟਰੀ ਉਪਕਰਣਾਂ ਵਰਗੇ ਖਰਚੇ ਵਿੱਤੀ ਸਹਾਇਤਾ ਨੀਤੀ ਵਿੱਚ ਕਵਰ ਨਹੀਂ ਕੀਤੇ ਜਾਂਦੇ ਹਨ। ਜੇ ਤਜਵੀਜ਼ ਵੈਲੀ ਮੈਡੀਕਲ ਸੈਂਟਰ ਪ੍ਰਦਾਤਾ ਵੱਲੋਂ ਲਿਖੀ ਗਈ ਹੈ ਅਤੇ ਵੈਲੀ ਮੈਡੀਕਲ ਸੈਂਟਰ ਫਾਰਮੇਸੀ (ਜੇ ਉਪਲਬਧ ਹੋਵੇ) ਵੱਲੋਂ ਹੀ ਇਸ ਦੀ ਪੂਰਤੀ ਕੀਤੀ ਗਈ ਹੈ, ਤਾਂ 100% ਵਿੱਤੀ ਸਹਾਇਤਾ ਛੋਟ ਲਈ FPL ਦੇ 300% ਤੱਕ ਦੇ ਮਰੀਜ਼ਾਂ ਲਈ ਤਜਵੀਜ਼ਾਂ ਕਵਰ ਕੀਤੀਆਂ ਜਾ ਸਕਦੀਆਂ ਹਨ।

**ਕਾਪੀਆਂ ਕਿੱਥੋਂ ਮਿਲਣਗੀਆਂ, ਦਸਤਾਵੇਜ਼ ਕਿੱਥੇ ਜਮ੍ਹਾਂ ਹੋਣਗੇ ਅਤੇ ਸੰਪਰਕ ਜਾਣਕਾਰੀ**: Valley Medical Center & Clinics ਵਿੱਤੀ ਸਹਾਇਤਾ ਨੀਤੀ, ਵਿੱਤੀ ਸਹਾਇਤਾ ਅਰਜ਼ੀ, ਸਾਦੀ ਭਾਸ਼ਾ ਸੰਖੇਪ ਅਤੇ ਬਿਲਿੰਗ ਅਤੇ ਵਸੂਲੀ ਨੀਤੀਆਂ ਮੁਫਤ ਵਿੱਚ ਉਪਲਬਧ ਹਨ। ਇਨ੍ਹਾਂ ਦਸਤਾਵੇਜ਼ਾਂ ਤੱਕ ਪਹੁੰਚ ਆਨਲਾਈਨ, ਫੋਨ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ ਕਈ ਭਾਸ਼ਾਵਾਂ ਵਿੱਚ ਕੀਤੀ ਜਾ ਸਕਦੀ ਹੈ। ਦਸਤਾਵੇਜ਼ valleymed.org/financialassistance 'ਤੇ ਡਾਊਨਲੋਡ ਜਾਂ ਪ੍ਰਿੰਟ ਕਰਨ ਲਈ ਆਨਲਾਈਨ ਉਪਲਬਧ ਹਨ। ਤੁਸੀਂ ਵਿਅਕਤੀਗਤ ਤੌਰ 'ਤੇ ਜਾਂ ਫ਼ੋਨ ਰਾਹੀਂ ਵੀ ਕਾਪੀ ਦੀ ਬੇਨਤੀ ਕਰ ਸਕਦੇ ਹੋ।

ਵਿੱਤੀ ਸਹਾਇਤਾ ਅਰਜ਼ੀ ਅਤੇ ਅੰਗਰੇਜ਼ੀ ਜਾਂ ਸਪੈਨਿਸ਼ ਵਿੱਚ ਸਹਾਇਕ ਦਸਤਾਵੇਜ਼ਾਂ ਵਾਸਤੇ, ਹੁਣ ਤੁਸੀਂ ਆਪਣੇ ਦਸਤਾਵੇਜ਼ ਜਮ੍ਹਾਂ ਕਰਨ ਲਈ MyChart ਦੀ ਵਰਤੋਂ ਕਰ ਸਕਦੇ ਹੋ। ਬਾਕੀ ਦੀਆਂ ਸਾਰੀਆਂ ਅਰਜ਼ੀਆਂ ਜਮ੍ਹਾਂ ਕਰਨ ਲਈ ਡਾਕ, ਫੈਕਸ ਜਾਂ ਵਿਅਕਤੀਗਤ ਤੌਰ 'ਤੇ ਜਮ੍ਹਾਂ ਕਰਨਾ ਜਾਰੀ ਰੱਖੋ। ਵਿਚਾਰ ਕਰਨ ਲਈ ਜਮ੍ਹਾਂ ਕੀਤੀ ਗਈ ਹਰ ਜਾਣਕਾਰੀ ਨੂੰ ਹੈਲਥ ਇੰਸ਼ੋਰੈਂਸ ਪੋਰਟੇਬਿਲਟੀ ਅਤੇ ਜਵਾਬਦੇਹੀ ਐਕਟ (HIPAA) ਦੇ ਤਹਿਤ ਸੁਰੱਖਿਅਤ ਸਿਹਤ ਜਾਣਕਾਰੀ ਮੰਨਿਆ ਜਾਵੇਗਾ।

| Valley Medical Center & Clinics<br>Patient Financial Services<br>P.O. Box 59148<br>Renton, WA 98058-2148<br>ਫ਼ੋਨ 425.690.3578<br>ਫੈਕਸ 425.690.9578<br>ਸੋਮਵਾਰ-ਸ਼ੁੱਕਰਵਾਰ ਸਵੇਰੇ 8:00 ਤੋਂ ਸ਼ਾਮ 5:00 ਤੱਕ<br>mychart.valleymed.org/#mychart | Valley Medical Center & Clinics<br>Patient Financial Services<br>3600 Lind Ave SW, Suite 110<br>Renton, WA 98057-4970<br>ਫ਼ੋਨ 425.690.3578<br>ਫੈਕਸ 425.690.9578<br>ਸੋਮਵਾਰ-ਸ਼ੁੱਕਰਵਾਰ ਸਵੇਰੇ 8:00 ਤੋਂ ਸ਼ਾਮ 5:00 ਤੱਕ<br>mychart.valleymed.org/#mychart |
|---|---|